# ਰਸ ਦੀਆਂ ਕਿਸਮਾਂ / ਪ੍ਰਕਾਰ / ਵਰਗੀਕਰਨ

'ਨਾਟਯ ਸ਼ਾਸਤ੍ਰ' ਵਿਚ ਭਰਤਮੁਨੀ ਨੇ 8 ਰਸਾਂ ਦਾ ਜ਼ਿਕਰ ਕੀਤਾ ਹੈ। ਭਰਤਮੁਨੀ ਤੋਂ ਬਾਅਦ ਆਚਾਰੀਆ ਅਭਿਨਵ ਗੁਪਤ ਨੇ ਰਸਾਂ ਦੀ ਗਿਣਤੀ ੯ ਦੱਸੀ ਹੈ ਜੋ ਇਸ ਪ੍ਰਕਾਰ ਹੈ:-

੧. ਸ਼ਿੰਗਾਰ ਰਸ ੨. ਹਾਸਜ ਰਸ 3. ਰੌਦਰ ਰਸ
੪. ਕਰੁਣਾ ਰਸ 5. ਵੀਭਤਸ ਰਸ 6. ਭਿਆਨਕ ਰਸ
7. ਵੀਰ ਰਸ 8. ਅਦਭੁਤ ਰਸ ੯. ਸ਼ਾਂਤ ਰਸ।

੧. **ਸ਼ਿੰਗਾਰ ਰਸ :** ਭਾਰਤੀ ਸੰਸਕ੍ਰਿਤ ਸਾਹਿਤ ਵਿਚ ਸਭ ਤੋਂ ਵੱਧ ਇਸ ਰਸ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਰਤਮੁਨੀ ਨੇ ਇਸ ਰਸ ਨੂੰ ਰਸਰਾਜ ਕਿਹਾ ਹੈ ਇਹ ਸਭ ਤੋਂ ਮਹੱਤਵਪੂਰਨ ਰਸ ਹੈ ਭਰਤਮੁਨੀ ਨੇ ਆਪਣੇ ਗ੍ਰੰਥ ਵਿੱਚ ਸਭ ਤੋਂ ਪਹਿਲਾਂ ਇਸੇ ਰਸ ਬਾਰੇ ਜਾਣਕਾਰੀ ਦਿੱਤੀ ਹੈ। ਸ਼ਿੰਗਾਰ ਰਸ ਦਾ ਸਥਾਈ ਭਾਵ ਹੈ ਨਾਇਕ-ਨਾਇਕਾ ਦਾ ਪਰਸਪਰ ਪ੍ਰੇਮ ਵਿਚ ਵਿਅਕਤੀ ਦੇ ~~ਮਨ~~ ਵਿਚ ਰਤਿ ਦੀ ਸਥਿਤੀ ਪੈਦਾ ਕਰਦਾ ਹੈ, ਇਹ ਇਸਤਰੀ ਤੇ ਪੁਰਸ਼ ਦਾ 'Physical Relation' ਦਾ ਪਹਿਲਾ ਆਧਾਰ ਹੈ। ਇਸ ਵਿਚ ਪ੍ਰੇਮ ਪੂਰਵਕ ਇਕ ਦੂਜੇ ਨੂੰ ਵੇਖਣਾ, ਵਾਰਤਾਲਾਪ ਕਰਨਾ, ਇਕ ਦੂਜੇ ਨੂੰ ਸਪੱਰਸ਼ ਕਰਨਾ, ਅੱਖਾਂ ਆਦਿ ਦੇ ਇਸ਼ਾਰੇ ਕਰਨਾ ਆ ਜਾਂਦੇ ਹਨ। ਇਸ ਵਿਚਲਾ ਵਾਤਾਵਰਨ ਇਕਾਂਤ, ਚੰਨ-ਚਾਨਣੀ, ਬਾਗ ਦਰਿਆ ਦਾ ਕੰਢਾ, ਠੰਡੀ ਹਵਾ ਆਦਿ ਦ੍ਰਿਸ਼ ਪੇਸ਼ ਕੀਤੇ ਜਾਂਦੇ ਹਨ।

ਭਰਤਮੁਨੀ ਨੇ ਨਾਇਕ-ਨਾਇਕਾ ਦੇ ਸੰਬੰਧਾਂ ਦੀ ਕਲਪਨਾ ਦੇ ਆਧਾਰ ਤੇ ਇਸ ਦੇ ਦੋ ਭੇਦ ਮੰਨੇ ਗਏ ਹਨ- 'ਸੰਜੋਗ' ਤੇ 'ਵਿਜੋਗ'। ਜਦੋਂ ਨਾਇਕ-ਨਾਇਕਾ ਆਪਸ ਵਿਚ ਖਿਚ ਰਖਣ ਤੇ ਵੀ ਪਰਵਸ਼ਤਾ ਜਾਂ ਦੈਵ ਜੋਗ ਕਰਕੇ ਮਿਲ ਨ ਸਕਣ ਤਾਂ ਸੰਜੋਗ ਸ਼ਿੰਗਾਰ ਹੋਵੇਗਾ। ਭਰਤਮੁਨੀ ਨੇ ਇਸ ਲਈ ਸ਼ਿਆਮ (ਨੀਲਾ ਤੇ ਕਾਲਾ ਮਿਲਿਆ ਹੋਇਆ) ਰੰਗ

ਦੀਆਂ ਹੈ। ਇਸ ਰਸ ਦੀ ਉਦਾਹਰਣ ਇਸ ਪ੍ਰਕਾਰ ਹੈ:-

ਸੱਜਣ ਦੇ ਹੱਥ ਬਾਂਹ ਅਸਾਡੀ,
ਕਿਉਂ ਕਰ ਆਖਾਂ ਛੱਡ ਵੇ ਅੜਿਆ।
ਪੱਸਤੀਆਂ ਦੇ ਪੱਸਤ ਵਾਂਗੂ,
ਇਸ਼ਕ ਪਿਆ ਸਾਡੇ ਹੱਡ ਵੇ ਅੜਿਆ।
(ਸ਼ਾਹ ਹੁਸੈਨ)

ਗਾਂਢੇ ਉਠ ਕੇ ਆਖਿਆ ਵਾਹ ਸਜਣ, ਹੀਰ ਹੱਸ ਕੇ ਤੇ ਮਿਹਰਬਾਨ ਹੋਈ।
ਕੱਢ ਵੰਝਲੀ ਕੈਨਾਂ ਦੇ ਵਿਚ ਵਾਲੇ, ਜ਼ੁਲਫ਼ ਮੁਖੜੇ ਤੇ ਪਰੇਸ਼ਾਨ ਹੋਈ।
ਨੈਣ ਮਸਤ ਕਲੇਜੜੇ ਵਿਚ ਧਾਏ, ਜਿਵੇਂ ਤ੍ਰਿਖੜੀ ਨੋਕ ਸਨਾਨ ਹੋਈ।
ਆਈ ਬਗਲ ਵਿਚ ਬੈਠ ਕੇ ਕਰੇ ਗੱਲਾਂ, ਜਿਵੇਂ ਵਿਚ ਕੁਰਬਾਨ ਕਮਾਨ ਹੋਈ।
(ਹੀਰ - ਵਾਰਸ)

ਸੰਜੋਗ ਸ਼ਿੰਗਾਰ ਤੋਂ ਐਨ ਵਿਪਰੀਤ ਵਿਜੋਗ ਸ਼ਿੰਗਾਰ ਦੀ ਪ੍ਰਵਿਰਤੀ ਹੈ। ਸੰਜੋਗ ਜਿੱਥੇ ਮਿਲਾਪ ਅਵਸਥਾ ਨਾਲ ਜੁੜਿਆ ਭਾਵ ਹੈ ਉਥੇ ਵਿਜੋਗ ਹਿਜਰ ਦੇ ਪਲਾਂ ਦੀ ਦਾਸਤਾਨ ਹੈ। ਉਦਾਹਰਨ:

ਸੱਜਣ ਬਿਨ ਰਾਤੀਂ ਹੋਈਆਂ ਵੱਡੀਆਂ
ਮਾਸ ਝੜੇ ਝੜ ਪਿੰਜਰ ਹੋਇਆ
ਕੜਿ ਕੜਿ ਹੋਈਆਂ ਹੱਡੀਆਂ।
(ਸ਼ਾਹ ਹੁਸੈਨ)

ਰਾਤੀ ਨੀਂਦ ਅਰਾਮ ਨਾ ਆਵੇ ਦਿਨੇ ਰਹੇ ਨਿਤ ਜਾਗੀ,
ਹਾਸ਼ਮ ਜਾਨ ਛੁਡਾਵਣ ਮੁਸ਼ਕਲ ਬੁਰੀ ਇਸ਼ਕ ਦੀ ਲਾਗੀ,
ਆਸ਼ਕ ਮਾਰੇ ਤੇ ਗਮ ਖਾਵੇ ਪੀਵੇ ਖ਼ੂਨ ਜਿਗਰ ਦਾ,
ਰੋਵੇ ਪੀੜ ਕਰੇ ਦਿਲ ਘਾਇਲ ਜ਼ਖਮੀ ਦੁਸ਼ਮਣ ਹਿਜਰ ਦਾ।

**ਹਾਸ ਰਸ:** ਇਸਦਾ ਸਥਾਈ ਭਾਵ ਹਾਸਾ ਹੈ। ਕਿਸੇ ਵਿਅਕਤੀ ਦਾ ਵਿਚਿਤਰ ਭੇਸ, ਬਸਤਰ ਅਤੇ ਬੋਲਾਂ ਵਾਲਾ ਵਿਅਕਤੀ ਉਸਦੇ ਅਢੁਕਵੇਂ ਬੋਲ, ਹਸਾਉਣ ਵਾਲੀਆਂ ਚੇਸ਼ਟਾਵਾਂ, ਮੂਰਖਾਂ ਵਾਲੀਆਂ ਹਰਕਤਾਂ ਆਦਿ ਵੇਖ ਕੇ ਹਾਸਾ ਆਉਣ ਹੀ ਹਾਸਜ ਰਸ ਹੈ। ਇਸ ਰਸ ਦੀ ਪ੍ਰਾਪਤ ਵਿਚ 'ਆਪਣੇ ਪਾਠਕ/ਸਰੋਤੇ/ ਦਰਸ਼ਕ ਦਾ ਮਨ ਖ਼ੁਸ਼ੀ ਨਾਲ ਭਰ ਜਾਂਦਾ ਹੈ।

ਭਰਤਮੁਨੀ ਨੇ ਇਸ ਦੇ ਦੋ ਭੇਦ ਦੱਸੇ ਹਨ- ਆਤਮਸਥ ਅਤੇ ਪਰਸਥ। ਆਪਣੇ ਆਪ ਹਸਣਾ ਆਤਮਸਥ ਹਾਸਜ ਰਸ ਹੈ ਅਤੇ ਦੂਜਿਆਂ ਨੂੰ ਹਸਾਣਾ ਪਰਸਥ ਹੈ।

ਉਦਾਹਰਣ ਵਜੋਂ:-

ਪੂਰੇ ਸੱਤ ਲੱਖ ਲਵਾਈਆਂ ਬਾਪੂ ਨੇ ਬਨਿਆਣ ਨੂੰ।
ਸੋਨੇ ਦੇ ਅਮਰੀਕਨ ਬਿਸਕੁਟ ਪਾਕਿਸਤਾਨੋਂ ਲਿਆਉਣ ਨੂੰ।
ਫੱਸ ਬਾਪੂ ਬਨਿਆਣ ਸੀਗੀ ਤਾਂ ਬੰਬੇ ਜੰਮ ਕੇ ਬੋਲੀ,
ਉਹ ਬਨਿਆਣ ਤਾਂ ਕਾਕਾ ਪਾ ਕੇ ਤੁਰ ਗਿਆ ਇਮਤਿਹਾਨ ਨੂੰ।
(ਪ੍ਰੋ. ਮਕਰੰਦ)

ਚਰਨ ਸਿੰਘ ਸ਼ਹੀਦ ਦੀਆਂ 'ਬਾਦਸ਼ਾਹੀਆਂ' ਈਸ਼ਰ ਸਿੰਘ ਭਾਈਆਂ, ਸੂਬਾ ਸਿੰਘ, ਡਾ. ਗੁਰਨਾਮ ਸਿੰਘ ਤੀਰ ਹਾਸਰਸੀ ਕਵੀ ਹੋਏ ਹਨ। 'ਤੀਰ' ਨੇ "ਗਾਂਧੇ ਦਾ ਮੈਮੋਰੈਂਡਮ" ਵਿਚ ਗਾਂਧੇ ਦਾ ਅੰਗਰੇਜ਼ੀਕਰਣ ਇਸ ਪ੍ਰਕਾਰ ਕੀਤਾ ਗਿਆ ਹੈ:

ਮੈਡਮ, ਕੀ ਆਖਾਂ ਤੈਨੂੰ ਕਿਵੇਂ ਸਮਝਾਂ? ਅੱਜ ਆਪਣੇ ਦੀ ਪੈ ਗਈ ਲੋੜ
ਫਸਟ ਏਡ ਦੇ ਬਾਂ ਤੂੰ ਰੱਤ ਕੀਤਾ ਸਾਡਾ ਜਿੱਤਿਆ ਏ ਰੋਜ਼ ਰੋਜ਼ ਗੌਰ
ਜੇ ਤੂੰ ਪੜ੍ਹਿਆ ਬਾਲ ਨੀ ਹਾਂ ਸਕਦੀ ਮੱਛਾ ਚਾਰੀਆਂ ਦੇ ਪੈਸੇ ਮੋੜ ਗੌਰ
ਮੇਰੇ ਟੀ.ਏ. ਤੇ ਡੀ.ਏ. ਦਾ ਕਰ ਲੇਖਾ ਸੌ ਨਾ ਸਗਦਾ ਲੱਖ ਕਰੋੜ ਗੌਰ!

3. **ਕਰੁਣਾ ਰਸ:** ਸਥਾਈ ਭਾਵ ਸ਼ੋਕ ਕਰੁਣ ਰਸ ਦਾ ਆਧਾਰੀ ਸ੍ਰੋਤ ਹੈ ਅਰਥਾਤ ਸ਼ੋਕ ਤੋਂ ਕਰੁਣ ਰਸ ਉਪਜਦਾ ਹੈ। ਕੋਈ ਹਾਨੀ ਅਥਵਾ ਨੁਕਸਾਨ ਇਸ ਰਸ ਦਾ ਆਲੰਬਨ ਵਿਭਾਵ ਹੈ। ਕਰੁਣ ਰਸ ਦਾ ਅਨੁਭਵ ਬਹੁਤ ਤੀਬਰ ਹੁੰਦਾ ਹੈ। ਮਨੁੱਖ ਆਪਣੇ ਪਿਆਰੇ ਦੇ ਸ਼ੋਕ ਵਿਚ ਇਨਾਂ ਪਿਘਲ ਜਾਂਦਾ ਹੈ ਕਿ ਉਹ ਕੁਲ ਦੁਨੀਆਂ ਦੇ ਦਰਦ ਵਿਚ ਕੁਰਲਾ ਉਠਦਾ ਹੈ। ਭਰਤਮੁਨੀ ਨੇ ਇਸਦੇ ਤਿੰਨ ਭੇਦ ਦੱਸੇ ਹਨ- ਧਰਮ ਦੀ ਹਾਨੀ ਤੋ ਉਤਪੰਨ, ਅਰਥ ਦੀ ਹਾਨੀ ਤੋ ਉਤਪੰਨ ਅਤੇ ਪ੍ਰਿਜ-ਜਨ ਦੀ ਮ੍ਰਿਤੂ ਤੋ ਉਤਪੰਨ।

ਵਿਸ਼ਵਨਾਥ ਅਨੁਸਾਰ,

"ਮਨਚਾਹਤ ਪ੍ਰਿਆ ਵਸਤੂ ਦੇ ਨਾਸ਼ ਅਤੇ ਅਣ-ਚਾਹਤ ਦੀ ਪ੍ਰਾਪਤੀ ਕਰਕੇ ਜਿਥੇ ਸ਼ੋਕ ਸਥਾਈ ਭਾਵ ਦੀ ਪ੍ਰਸਟੀ ਹੋਵੇ, ਉਥੇ ਕਰੁਣ-ਰਸ ਦਾ ਪ੍ਰਗਟਾਉ ਹੁੰਦਾ ਹੈ।"

ਗੁਰੂ ਨਾਨਕ ਦੇਵ ਜੀ ਨੇ ਕਰੁਣਾ ਭਾਵ ਵਿਚ ਪਸੀਜ਼ ਕੇ ਰੱਬ ਨੂੰ ਉਲ੍ਹਾਮਾ ਦਿੱਤਾ ਹੋਇਆ ਹੈ।

ਗੁਰੂ ਸਾਹਿਬ ਨੇ ਲਿਖਿਆ ਹੈ:

ਏਤੀ ਮਾਰ ਪਈ ਕੁਰਲਾਣੈ
ਤੈਂ ਕੀ ਦਰਦ ਨਾ ਆਇਆ।

ਕਰੁਣਾ ਰਸ ਨੂੰ ਪੇਸ਼ ਕਰਦਿਆਂ ਕੁਝ ਹੋਰ ਉਦਾਹਰਣ ਇਸ ਪ੍ਰਕਾਰ ਹਨ:

ਕਈਆਂ ਮਾਵਾਂ ਦੇ ਪੁੱਤ ਨੀ ਮੋਏ ਉੱਥੇ
ਸੀਨੇ ਲੱਗੀਆਂ ਤੇਜ ਕਟਾਰੀਆ ਨੀ।
ਜਿਨਾਂ ਭੈਣਾਂ ਦੇ ਵੀਰ ਨਾ ਮਿਲੇ ਮੁੜਕੇ
ਪਈਆਂ ਰੋਂਦੀਆ ਫਿਰਨ ਵਿਚਾਰੀਆ ਨੀ।
ਰੰਡੀ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ
ਖੁੱਲੇ ਵਾਲ ਤੇ ਫਿਰਨ ਵਿਚਾਰੀਆਂ ਨੀ। (ਸ਼ਾਹ ਮੁਹੰਮਦ)

‖ ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਬਲ ਦੀ ਬਣ ਕੇ ਗੋਲੀ ਨੀ ਮਾਂ ‖

4. **ਰੌਦਰ ਰਸ:** ਇਸ ਦਾ ਸਥਾਈ ਭਾਵ ਹੈ ਪਾਠਕ ਦੇ ਅੰਦਰ ਕ੍ਰੋਧ / ਗੁੱਸਾ ਪੈਦਾ ਕਰਨਾ। ਇਹ ਮਨੁੱਖ ਦੇ ਸ੍ਵੈਮਾਨ ਦਾ ਪ੍ਰਤੀਕ ਹੈ। ਰੌਦਰ ਰਸ ਜਿਸ ਪਾਠਕ ਵਿਚ ਪੈਦਾ ਹੁੰਦਾ ਹੈ ਉਸ ਦੀਆਂ ਸਰੀਰਕ ਹਰਕਤਾਂ ਵੀ ਨੋਟ ਕਰਨ ਵਾਲੀਆਂ ਹੁੰਦੀਆਂ ਹਨ। ਉਹ ਕ੍ਰੋਧਿਤ ਹੋ ਜਾਂਦਾ ਹੈ ਇਸ ਨਾਲ ਅੱਖਾਂ ਲਾਲ ਹੋ ਜਾਂਦੀਆਂ ਹਨ, ਦੰਦ ਪੀਂਹਦਾ ਹੈ, ਬੁੱਲ੍ਹ ਟੁੱਕਦਾ ਹੈ ਆਦਿ।

ਰਾਂਝਾ ਜੋਗੀ ਤੇ ਸਹਿਤੀ ਵਿਚ ਝੜਪ ਹੋ ਗਈ, ਤਾਂ ਸਹਿਤੀ ਗੁੱਸੇ ਵਿਚ ਆ ਕੇ ਕਹਿੰਦੀ ਹੈ:-

‖ ਛੇੜ ਖੁੰਦਰਾਂ ਭੇੜ ਮਚਾਉਣਾ ਹਾਂ ‖

'ਚੰਡੀ ਦੀ ਵਾਰ' ਵਿਚ ਵੀ ਰੌਦਰ ਰਸ ਦੀ ਹਾਜ਼ਰੀ ਵੇਖੀ ਜਾ ਸਕਦੀ ਹੈ। ਜਿਵੇਂ:-

‖ ਚੰਡ ਚਿਤਾਰੀ ਕਾਲਕਾ, ਮਨ ਬਾਹਲਾ ਰੋਸ ਬਢਾਇਕੈ।
ਨਿਕਲੀ ਮੱਥਾ ਫੋੜ ਕੇ, ਜਣੁ ਫਤੇ ਨੀਸਾਣ ਬਜਾਇਕੈ।
ਦਲ ਵਿਚ ਘੇਰਾ ਘੱਤਿਆ, ਜਣੁ ਸ਼ੀਂਹ ਤੁਰਿਆ ਗਣੁ ਨਾਇਕੈ।
ਪਕੜ ਪਛਾੜੇ ਰਾਕਸ਼ਾਂ ਦਲ ਦੈਂਤਾਂ ਅੰਦਰ ਜਾਇਕੈ।
ਬਣ ਕੇਸੀਂ ਪਕੜ ਪਛਾੜੀਅਨ ਰਣ ਅੰਦਰ ਧੂਮ ਰਚਾਇਕੈ।
ਰਣ ਕਾਲੀ ਗੁੱਸਾ ਖਾਇਕੈ। (ਚੰਡੀ ਦੀ ਵਾਰ) ‖

5. **ਬੀਰ ਰਸ:** ਪੰਜਾਬੀ ਕਾਵਿ ਵਿਚ ਬੀਰ ਰਸ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਬੀਰ-ਰਸ ਦਾ ਸਥਾਈ ਭਾਵ ਪਾਠਕਾਂ ਤੇ ਸਰੋਤਿਆਂ ਵਿਚ ਜੋਸ਼ ਉਤਸ਼ਾਹ ਪੈਦਾ ਕਰਨਾ ਹੈ। ਯੋਧਿਆਂ ਦਾ ਜੰਗ ਲਈ ਤਿਆਰ ਹੋਣਾ, ਯੁੱਧ ਵਿਚ ਸ਼ਾਮਿਲ ਹੋਣਾ, ਕਰਾਰੇ ਹੱਥ ਵਿਖਾਉਣਾ ਬੀਰ ਰਸ ਵਿਚ ਆਉਂਦੇ ਹਨ। ਗੁਰੂ ਗੋਬਿੰਦ ਜੀ ਦੀ

ਰਚਿਤ 'ਚੰਡੀ ਦੀ ਵਾਰ' ਬੀਰ ਰਸ ਦਾ ਉੱਤਮ ਨਮੂਨਾ ਹੈ। ਸ਼ਾਹ ਮੁਹੰਮਦ ਦੇ ਜੰਗਨਾਮੇ 'ਜੰਗ ਸਿੰਘਾਂ ਤੇ ਫਰੰਗੀਆਂ' ਵਿਚ ਬੀਰ-ਰਸ ਦਾ ਸੁੰਦਰ ਨਮੂਨਾ ਇਸ ਪ੍ਰਕਾਰ ਹੈ:-

ਛੇੜੇ ਸਿਰਲੱਥ ਕੂਚ ਦਾ ਹੁਕਮ ਹੋਇਆ
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।

ਭਰਤਮੁਨੀ ਨੇ ਬੀਰ ਰਸ ਦੇ ਤਿੰਨ ਭੇਦ ਦੱਸੇ ਹਨ - ਦਾਨ ਵੀਰ, ਧਰਮ ਵੀਰ, ਯੁੱਧ ਵੀਰ। 'ਚੰਡੀ ਦੀ ਵਾਰ' ਵਿਚ ਬੀਰ ਰਸ ਦਾ ਨਮੂਨਾ ਇਸ ਪ੍ਰਕਾਰ ਹੈ:-

ਉਮਲ ਲੱਥੇ ਜੋਧੇ ਮਾਰੂ ਬੱਜਿਆ॥
ਬੱਦਲ ਜਿਉ ਮਹਿਖਾਸੁਰ ਰਣ ਵਿਚ ਗੱਜਿਆ॥
ਇੰਦਰ ਜੇਹਾ ਜੋਧਾ ਮੈਥੋਂ ਭੱਜਿਆ॥
ਕੌਣ ਵਿਚਾਰੀ ਦੁਰਗਾ ਜਿਣ ਰਣ ਸੱਜਿਆ॥
(ਚੰਡੀ ਦੀ ਵਾਰ)

6. ਭਿਆਨਕ ਰਸ: ਭੈਅ ਜਾਂ ਡਰ ਦੇ ਸਥਾਈ ਭਾਵ ਤੋਂ ਭਿਆਨਕ ਰਸ ਦੀ ਉਤਪਤੀ ਹੁੰਦੀ ਹੈ। ਜਿਸ ਚੀਜ਼ ਤੋਂ ਡਰ ਪੈਦਾ ਹੋਵੇ ਉਹ ਇਸ ਰਸ ਦਾ ਆਲੰਬਨ ਵਿਭਾਵ ਹੈ। ਡਰਾਉਣੀਆਂ ਵਸਤਾਂ, ਭੈਭੀਤ ਕਰਨ ਵਾਲੀਆਂ ਆਵਾਜ਼ਾਂ ਆਦਿ ਇਸ ਰਸ ਦੇ ਉਦੀਪਨ ਵਿਭਾਵ ਹਨ। ਚਿਹਰੇ ਦੀਆਂ ਹਵਾਈਆਂ ਦਾ ਉਡਣਾ, ਮੂਰਛਾ, ਪਸੀਨਾ ਆਉਣਾ, ਡਰ ਨਾਲ ਕੰਬਣਾ ਆਦਿ ਅਨੁਭਾਵ ਅਰਥਾਤ ਸਰੀਰਕ ਹਰਕਤਾਂ ਹਨ ਜੋ ਇਸ ਰਸ ਦਾ ਬਾਹਰੀ ਪ੍ਰਗਟਾਵਾ ਕਰਦੀਆਂ ਹਨ।

ਭਰਤਮੁਨੀ ਨੇ ਇਸਦੇ ਤਿੰਨ ਉਪਭੇਦ ਕੀਤੇ ਹਨ:

੧. ਭ੍ਰਮਜਨਕ ੨. ਕਾਲਪਨਿਕ ੩. ਵਾਸਤਵਿਕ

## ਭਿਆਨਕ ਰਸ ਦੀ ਉਦਾਹਰਣ:

ਕਾਲੀ ਰਾਤ ਅਧੇਰ ਤੇ ਗਿਰਨ ਗੋਲੇ,
ਜੰਮੇ ਛਡਦੇ ਤੀਰ ਕਮਾਨ ਜੋੜੇ।
ਬਿਜਲੀ ਬੰਦੂਕਾਂ ਦੀ ਕੜਕ ਕੜਕ ਪੈਂਦੀ,
ਰੋਂਦ ਜਾਂਵਦੇ ਜ਼ਿਮੀ ਅਸਮਾਨ ਜੋੜੇ।
(ਪਾਲ ਸਿੰਘ ਆਰਿਫ)

ਦੋਹੀਂ ਦਲੀਂ ਮੁਕਾਬਲੇ ਹੋਣ ਸੂਰੇ ਗੜਕਣ,
ਉੜ ਤੋਪਾਂ ਗੱਡੀ ਧੂਕੀਆਂ ਲੱਖ ਸੰਗਲ ਖੜਕਣ।
(ਵਾਰ ਨਾਦਰ ਸ਼ਾਹ)

7. **ਬੀਭਤਸ ਰਸ:** ਘਿਰਣਾ ਭਾਵ ਤੋਂ ਉਪਜੇ ਰਸ ਨੂੰ ਬੀਭਤਸ ਰਸ ਆਖਿਆ ਜਾਂਦਾ ਹੈ। ਦੁਰਗੰਧ, ਮਾਸ, ਚਰਬੀ, ਲਹੂ, ਹੱਡੀਆਂ, ਮਿੱਝ ਆਦਿ ਇਸ ਰਸ ਦੇ ਆਲੰਬਨ ਵਿਭਾਵ ਹਨ। ਕਿਸੇ ਸਥਿਤੀ ਨੂੰ ਵੇਖ ਕੇ, ਕਿਸੇ ਗੰਦੇ ਵਿਅਕਤੀ ਜਾਂ ਥਾਂ ਨੂੰ ਵੇਖ ਕੇ ਨਫ਼ਰਤ ਪੈਦਾ ਹੋਣਾ ਬੀਭਤਸ ਰਸ ਹੈ। ਇਹ ਮਨੁੱਖ ਨੂੰ ਉਸਦੀ ਨਖਿਧ ਦਿਸ਼ਾ ਤੋਂ ਸ਼ੁੱਧ ਦਿਸ਼ਾ ਬਾਰੇ ਜਾਣੂ ਕਰਾਉਂਦਾ ਹੈ। ਭਰਤਮੁਨੀ ਨੇ ਇਸ ਦੇ ਦੋ ਭੇਦ ਮੰਨੇ ਹਨ:

1. ਸ਼ੁੱਧ / ਕਸ਼ੋਭਜ
2. ਅਸ਼ੁੱਧ / ਉਦਵੇਗੀ।

ਲਹੂ ਮਿੱਝ ਆਦਿ ਤੋਂ ਉਤਪੰਨ ਹੋਣ ਵਾਲੇ ਨੂੰ ਉਨ੍ਹਾਂ ਨੇ ਸ਼ੁੱਧ ਅਤੇ ਮਲਮੂਤਰ, ਬਦਬੂਦਾਰ ਵਸਤਾਂ ਤੇ ਕਿਰਮਾਂ ਤੋਂ ਹੋਣ ਵਾਲੇ ਨੂੰ ਅਸ਼ੁੱਧ ਦੀ ਕੋਟੀ ਵਿਚ ਰੱਖਿਆ ਹੈ।

ਉਦਾਹਰਣ:

ਸਦ ਵਿਚ ਰਿੱਧਾ ਪਾਇਕੇ ਕੁੱਤੇ ਦਾ ਮਾਸ।
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ।
ਰਤੂ ਭਰਿਆ ਕਪੜਾ ਕਰ ਕੱਜਣ ਤਾਸ।
ਢਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸ।
(ਭਾਈ ਗੁਰਦਾਸ ਜੀ)

8. ਅਦਭੁਤ ਰਸ: ਕਾਵਿ ਨੂੰ ਪੜ੍ਹਦਿਆਂ / ਸੁਣਦਿਆਂ / ਵੇਖਦਿਆਂ ਜਦ ਵਚਿੱਤਰਤਾ ਦਾ ਅਹਿਸਾਸ ਹੁੰਦਾ ਹੈ ਅਤੇ ਇਸ ਨਾਲ ਅਚਰਜਤਾ ਦੇ ਭਾਵ ਪੈਦਾ ਹੁੰਦੇ ਹਨ ਤਾਂ ਉਸ ਵਕਤ ਅਦਭੁਤ ਰਸ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਵਿਸਮੈ ਤੇ ਅਸਚਰਜਤਾ, ਇਸ ਰਸ ਦੇ ਸਥਾਈ ਭਾਵ ਹਨ। ਇਸ ਰਸ ਦੇ ਪੈਦਾ ਹੋਣ ਨਾਲ ਅੱਖਾਂ ਵੱਡੀਆਂ ਹੁੰਦੀਆਂ ਹਨ, ਘਬਰਾਹਟ ਹੁੰਦੀ ਹੈ, ਤਰੇਲੀਆਂ ਆਉਂਦੀਆਂ ਹਨ।

ਭਰਤਮੁਨੀ ਨੇ ਇਸਦੇ ਦੋ ਭੇਦ ਮੰਨੇ ਹਨ- ਦੈਵੀ ਵਸਤੂ ਨੂੰ ਵੇਖਣ ਨਾਲ ਦਿਵਜ ਅਤੇ ਖ਼ੁਸ਼ੀ ਦੇਣ ਵਾਲੀ ਵਸਤੂ ਨਾਲ ਆਨੰਦਜ ਅਦਭੁਤ ਰਸ ਦੀ ਉਤਪਤੀ ਹੁੰਦੀ ਹੈ।

'ਆਸਾ ਦੀ ਵਾਰ' ਦੀਆਂ ਨਿਮਨ ਸਤਰਾਂ ਅਦਭੁਦ ਰਸ ਦੀ ਢੁਕਵੀਂ ਤੇ ਖ਼ੂਬਸੂਰਤ ਮਿਸਾਲ ਹਨ:

ਵਿਸਮਾਦੁ ਨਾਦ, ਵਿਸਮਾਦੁ ਵੇਦ।
ਵਿਸਮਾਦੁ ਜੀਅ, ਵਿਸਮਾਦੁ ਭੇਦ।
ਵਿਸਮਾਦੁ ਰੂਪ, ਵਿਸਮਾਦੁ ਰੰਗ।
ਵਿਸਮਾਦੁ ਨਾਗੇ ਫਿਰਹਿ ਜੰਤ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ।
ਵਿਸਮਾਦੁ ਅਗਨੀ ਖੇਡਹਿ ਵਿਡਾਣੀ।
(ਗੁਰੂ ਨਾਨਕ ਦੇਵ ਜੀ)

9. ਸ਼ਾਂਤ ਰਸ: ਭਰਤਮੁਨੀ ਨੇ ਸ਼ਾਂਤ ਰਸ ਨੂੰ ਪ੍ਰਮੁੱਖ ਰਸਾਂ ਵਿਚ ਸ਼ੁਮਾਰ ਨਹੀਂ ਕੀਤਾ ਜਦ ਕਿ ਵਿਸ਼ਵਨਾਥ ਨੇ ਇਸ ਰਸ ਦੇ ਮਹੱਤਵ ਨੂੰ ਪ੍ਰਵਾਨ ਕੀਤਾ ਹੈ।

ਸ਼ਾਂਤ ਰਸ ਦਾ ਸੰਬੰਧ ਸਿੱਧੇ ਤੌਰ ਤੇ ਮਨ ਦੀ ਸ਼ਾਂਤੀ ਨਾਲ ਹੈ। ਵੈਰਾਗ ਇਸ ਰਸ ਦਾ ਸਥਾਈ ਭਾਵ ਹੈ। ਪ੍ਰਭੂ-ਚਿੰਤਨ ਅਥਵਾ ਦੁਨੀਆਂ ਦੀ ਖਣਾਇਮਾਨਤਾ ਜਾਂ ਨਾਸ਼ਮਾਨਤਾ ਆਦਿ ਇਥੇ ਆਲੰਬਨ ਵਿਭਾਵ ਵਜੋਂ ਆਉਂਦੇ ਹਨ।

'ਆਚਾਰੀਆ ਰੁਦ੍ਰਟ' ਨੇ ਇਸ ਦੇ ਚਾਰ ਭੇਦ ਕੀਤੇ ਹਨ:

1. ਵੈਰਾਗ
2. ਦੋਸ਼ ਨਿਗ੍ਰਹ
3. ਸੰਤੋਸ਼
4. ਤੱਤ ਸਾਕਸ਼ਾਤਕਾਰ

ਇਹ ਰਸ ਵਸਦੀ-ਰਸਦੀ ਰੰਗੀਨ ਦੁਨੀਆ ਤੋਂ ਉਪਰਾਮਤਾ ਨੂੰ ਪ੍ਰਗਟ ਕਰਦਾ ਹੈ। ਫਲਸਰੂਪ ਇਸ ਦੀ ਮੌਜੂਦਗੀ ਵਿਚ ਦਿਲ ਨੂੰ ਖਿਚ ਪਾਉਣ ਵਾਲੇ ਇਕ ਅਦਭੁਤ ਉਦਾਸ ਵਾਤਾਵਰਨ ਦੀ ਅਨੁਭੂਤੀ ਹੁੰਦੀ ਹੈ।

ਉਦਾਹਰਣ ਵਜੋਂ:

ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ।
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ।

(ਜਪੁਜੀ ਸਾਹਿਬ)

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ
ਭਗਤ ਜਨਾ ਕੈ ਮਨਿ ਬਿਸ੍ਰਾਮ॥

(ਸੁਖਮਨੀ ਸਾਹਿਬ)

ਵੈਰੀ ਨਾਗ, ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿਚ ਵਜਦਾ।
ਕੁਦਰਤ ਦੇ ਕਾਦਰ ਦਾ ਜਲਵਾ
ਸੋ ਦੇਂਦਾ ਇਕ ਸਿਜਦਾ।

(ਭਾਈ ਵੀਰ ਸਿੰਘ)